International Journal of Applied Research 2015; 1(3): 135-137




**ISSN Print:** 2394-7500
**ISSN Online:** 2394-5869
**Impact Factor:** 3.4
IJAR 2015; 1(3): 135-137
www.allresearchjournal.com
Received: 22-12-2014
Accepted: 24-01-2015

**ਸਤਿੰਦਰ ਕੌਰ**
ਰਿਸਰਚ ਸਕਾਲਰ, ਸਕੂਲ ਆਫ
ਪੰਜਾਬੀ ਸਟਡੀਜ, ਪੰਜਾਬ ਯੂਨੀਵਰਸਿਟੀ
ਚੰਡੀਗੜ੍ਹ।

# ਨਦੀਮ ਪਰਮਾਰ ਦੇ ਨਾਵਲ ਸਪੌਂਸਰਸ਼ਿਪ ਵਿੱਚ ਪਰਵਾਸੀ ਚੇਤਨਾ

## ਸਤਿੰਦਰ ਕੌਰ

ਨਦੀਮ ਪਰਮਾਰ ਪਰਵਾਸੀ ਨਾਵਲਕਾਰ ਦੇ ਨਾਲ ਨਾਲ ਪ੍ਰਸਿੱਧ ਗਜਲਗੋ ਵੀ ਹੈ। ਨਦੀਮ ਪਰਮਾਰ ਦਾ ਸਪੌਂਸਰਸ਼ਿਪ ਚੌਥਾ ਨਾਵਲ ਹੈ। ਇਹ ਨਾਵਲ ਪੰਜਾਬ ਵਿਸ਼ੇਸ਼ਕਰ ਦੁਆਬੇ ਦੇ ਪੰਜਾਬੀਆਂ ਵਿਚ ਪਰਵਾਸੀਕਰਨ ਦੀ ਪ੍ਰਕਿਰਿਆ ਨੂੰ ਲੈ ਕੇ ਪਾਈ ਜਾਂਦੀ ਕਾਹਲ, ਛਟਪਟਾਹਟ ਅਤੇ ਉਸ ਲਈ ਵਰਤੇ ਜਾਂਦੇ ਹਰ ਤਰ੍ਹਾਂ ਦੇ ਹੀਲੇ ਆਪਣੇ ਵਸਤੂ ਵਜੋਂ ਗ੍ਰਹਿਣ ਕਰਦਾ ਹੈ।
ਪਰਵਾਸੀ ਚੇਤਨਾ ਪਰਵਾਸੀ ਵਿਅਕਤੀ ਨੂੰ ਅਗਿਆਤ ਸਭਿਆਚਾਰਕ ਵਾਤਾਵਰਨ ਵਿਚ ਆਪਣੇ ਆਪ ਨੂੰ ਢਾਲਣ ਅਤੇ ਆਪਣੇ ਅਸਤਿਤਵੀ ਸੰਕਟਾਂ ਦਾ ਹੱਲ ਲੱਭਣ ਵਿਚ ਮਦਦਗਾਰ ਹੁੰਦੀ ਹੈ, ਪਰ ਕਈ ਵਾਰੀ ਪਰਵਾਸੀ ਵਿਅਕਤੀ ਅਜਿਹਾ ਸਭ ਕੁਝ ਕਰਨ ਤੋਂ ਅਸਮਰਥ ਹੋ ਜਾਂਦਾ ਹੈ ਅਤੇ ਘੋਰ ਸੰਕਟ ਦਾ ਸ਼ਿਕਾਰ ਹੋ ਕੇ ਆਪਣੇ ਪੱਲੇ ਤਣਾਉ ਅਤੇ ਝੋਰਾ ਪਾ ਲੈਂਦਾ ਹੈ :

> ਓਪਰੀ ਧਰਤੀ 'ਤੇ ਰੁਜਗਾਰ ਦੀ ਤਲਾਸ਼ ਮਾਨਸਿਕ ਤੌਰ 'ਤੇ
> ਅਸਥਾਈ ਰੂਪ ਵਿੱਚ ਰਹਿੰਦੇ ਹੋਏ ਸਥਾਨਕ ਸਥਿਤੀਆਂ ਤੇ
> ਪਰਸਥਿਤੀਆਂ ਨਾਲ ਦੋ ਚਾਰ ਹੁੰਦੇ ਹੋਏ ਪੈਦਾ ਹੋਈ ਹਾਲਤ ਨੂੰ
> ਮਾਨਸਿਕ ਸੰਤਾਪ ਵਜੋਂ ਹੰਢਾ ਰਹੇ ਲੋਕਾਂ ਦੀ ਚੇਤਨਾ ਨੂੰ ਹੀ
> ਪਰਵਾਸੀ ਚੇਤਨਾ ਦਾ ਨਾਂ ਦਿੱਤਾ ਗਿਆ ਹੈ।[1]

ਇਸ ਨਾਵਲ ਦੀ ਮੁੱਖ ਪਾਤਰ ਸੁੱਖੀ ਇੰਗਲੈਂਡ ਵਿਚ ਗਲਤ ਢੰਗ ਨਾਲ ਵਸੀ ਸੁੱਖੇ (ਪਤੀ) ਦੀ ਭੂਆ ਦੇ ਸਰੀਰ ਉਤਲੇ ਗਹਿਣਿਆਂ ਤੋਂ ਪ੍ਰਭਾਵਿਤ ਹੋ ਕੇ 'ਸੋਨੇ ਦੀ ਲੰਕਾ' ਉਸਾਰਨ ਦੇ ਸੁਪਨੇ ਲੈਣ ਲੱਗ ਜਾਂਦੀ ਹੈ, ਪਰੰਤੂ ਉਸਦੇ ਸੁਪਨੇ ਉਦੋਂ ਟੁੱਟ ਜਾਂਦੇ ਹਨ ਜਦੋਂ ਉਹ ਇੰਗਲੈਂਡ ਪਹੁੰਚ ਕੇ ਘਰ ਦੀ ਹਾਲਤ ਦੇਖਦੀ ਹੈ, ਕੀ ਇਹੋ ਵਲੈਤ ਹੈ ? ਜਾਂ ਕੁੱਝ ਹੋਰ ? ਉਸਨੇ ਉੱਚੀ ਦੇਣੀ ਮਨ ਵਿਚ ਕਿਹਾ, "ਇਸ ਖਾਤਰ ਅਸੀਂ ਇਥੇ ਨੱਠੇ ਆਉਂਦੇ ਆਂ? ਨਾ ਬਾਹਰ ਦੀ ਹਵਾ, ਨਾ ਖੁੱਲਾ ਵਾਤਾਵਰਨ ਬਸ ਅੰਦਰ ਹੀ ਅੰਦਰ ਹੀ ਹਵਾੜ। ਪਸ਼ੂਆਂ ਵਾਂਗ ਤਿੰਨ ਤਿੰਨ, ਚਾਰ ਚਾਰ ਜਣੇ ਕੋਠੜੀਆਂ ਵਿੰਚ ਬੰਦ ਤੂੜੇ ਹੋਏ। ਕੁੱਕੜਾਂ ਵਾਂਗੂੰ ਖੁੱਡਿਆਂ 'ਚ ਡੱਕੇ।"[2]
'ਸੋਨੇ ਦੀ ਲੰਕਾ' ਚਿੰਨ੍ਹ ਨਾਵਲ ਦੇ ਸਮੁੱਚੇ ਬਿਰਤਾਂਤਕ ਸੰਗਠਨ ਵਿਚ ਫੈਲਿਆ ਹੋਇਆ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ 'ਸੋਨੇ ਦੀ ਲੰਕਾ' ਦੇ ਢਹਿ ਢੇਰੀ ਹੋ ਜਾਣ ਉਪਰੰਤ ਵੀ 'ਸੁੱਖੀ' ਦਾ ਧਨ ਪ੍ਰਤੀ ਮੋਹ ਬਰਕਰਾਰ ਰਹਿੰਦਾ ਹੈ। ਸੁੱਖੀ ਦੇ ਦੋਵੇਂ ਪੁੱਤਰ ਨਾਵਲ ਦੇ ਅੰਤ ਵਿਚ ਸਰਮਾਏਦਾਰੀ ਪ੍ਰਬੰਧ ਦੀ ਭੇਂਟ ਚੜ੍ਹ ਜਾਂਦੇ ਹਨ ਪਰੰਤੂ ਸੁੱਖੀ ਫਿਰ ਵੀ ਪੰਜਾਬ ਵਿਚਲੇ ਕਿਸੇ ਅਪਾਹਜ ਮੁੰਡੇ ਨੂੰ ਸਪੌਂਸਰ ਕਰਨ ਲਈ ਤਿਆਰ ਹੋ ਜਾਂਦੀ ਹੈ। ਪਤੀ ਉਸਨੂੰ ਵਰਜਦਾ ਹੈ ਤਾਂ ਅੱਗੋਂ ਉਹ ਬੋਲਦੀ ਹੈ :

> ਤੇਰੀ ਮੱਤ ਤਾਂ ਨਈਂ ਮਾਰੀ ਗਈ?" ਦਿਮਾਗ ਵਿਚ ਪੰਦਰਾਂ
> ਲੱਖ ਦੇ ਡਾਲਰ ਬਣਾਏ ਤੇ ਬੋਲੀ,"ਅੱਧਾ ਲੱਖ ਡਾਲਰ
> ਮੁਫਤ ਵਿਚ ਆਉਂਦਾ, ਤੈਨੂੰ ਦੰਦੀਆਂ ਵੱਢਦਾ।"[3]

**Correspondence**
**ਸਤਿੰਦਰ ਕੌਰ**
ਰਿਸਰਚ ਸਕਾਲਰ, ਸਕੂਲ ਆਫ
ਪੰਜਾਬੀ ਸਟਡੀਜ, ਪੰਜਾਬ ਯੂਨੀਵਰਸਿਟੀ
ਚੰਡੀਗੜ੍ਹ।

ਪੂੰਜੀਵਾਦੀ ਨਿਜਾਮ ਵਾਲੇ ਇਹਨਾਂ ਦੇਸਾਂ ਵਿਚ ਗਏ ਪੰਜਾਬੀਆਂ ਦੀ ਜਿੰਦਗੀ ਰੁਝੇਵਿਆਂ ਭਰਪੂਰ ਹੋ ਜਾਂਦੀ ਹੈ। ਪਤੀ ਪਤਨੀ ਨੂੰ ਆਪਸ ਵਿਚ ਗੱਲ ਕਰਨ ਦਾ ਸਮਾਂ ਨਹੀਂ ਮਿਲਦਾ। ਬੱਚਿਆਂ ਅਤੇ ਬਜੁਰਗਾਂ ਨੂੰ ਲੋੜੀਂਦਾ ਸਮਾਂ ਨਾ ਮਿਲਣ ਕਾਰਨ ਉਹ ਇਕੱਲਤਾ ਦਾ ਸ਼ਿਕਾਰ ਹੋ ਜਾਂਦੇ ਹਨ। ਬੱਚੇ ਆਪਣੇ ਦੋਸਤਾਂ ਦੇ ਘੇਰੇ ਵਿਚ ਸਿਮਟ ਕੇ ਰਹਿ ਜਾਂਦੇ ਹਨ। ਮਾਪੇ ਸਮਝਦੇ ਹਨ ਕਿ ਉਹ (ਬੱਚੇ) ਆਜਾਦ ਜੀਵਨ ਬਤੀਤ ਕਰਦੇ ਹਨ, ਉਹ ਇਸਦੇ ਖੌਫਨਾਕ ਅੰਜਾਮ ਤੋਂ ਬੇਖਬਰ ਹੁੰਦੇ ਹਨ।

"ਮਨੀ ਜੇਬ ਖਰਚ ਦੇ ਘਾਟੇ ਨੂੰ ਪੂਰਾ ਕਰਨ ਲਈ ਮੈਕਡੌਨਲਡ ਵਿਚ ਪਾਰਟ ਟਾਈਮ ਕੰਮ ਕਰਨ ਲੱਗ ਪਿਆ। ਇਕ ਉਸਦੀ ਵਾਕਫੀਅਤ ਉਨ੍ਹਾਂ ਮੁੰਡਿਆਂ ਨਾਲ ਹੋਈ ਜ਼ੋ ਸਿਗਰਟ ਨੋਸ਼ੀ ਨਾਲ ਨਸ਼ੇ ਵੇਚਣ ਤੇ ਉਨ੍ਹਾਂ ਦੀ ਵਰਤੋਂ ਵੀ ਕਰਦੇ ਸਨ, ਮਨੀ ਹੁਣ ਚਾਰ ਪੈਸੇ ਕੋਲ ਹੋਣ ਕਾਰਨ ਦੂਜੇ ਮੁੰਡਿਆਂ ਦੀ ਰੀਸੀਂ ਡੀਜਾਈਨਰ ਕੱਪੜੇ ਖਰੀਦਦਾ ਤੇ ਪਾਉਂਦਾ।

ਸੁੱਖੀ ਨੂੰ ਇਸ ਗੱਲ ਦੀ ਬਹੁਤ ਖੁਸ਼ੀ ਸੀ ਕਿ ਉਸਦਾ ਮੁੰਡਾ ਕਿਸੇ ਅੱਗੇ ਹੱਥ ਨਹੀਂ ਅੱਡਦਾ। ਆਪਣੇ ਪੈਰੀਂ ਖੜ੍ਹਾ ਹੋਣਾ ਸਿੱਖ ਰਿਹਾ। ਆਪਣੀ ਕਮਾਈ ਸਾਂਭ ਕੇ ਆਪਣੀ ਦੇਖਭਾਲ ਕਰ ਰਿਹਾ।"[4]

ਆਰਥਿਕ ਪ੍ਰਸਥਿਤੀ ਦੀ ਸੂਲੀ ਬੱਚਿਆਂ ਨੂੰ ਸਿਰਫ ਕੰਮ ਕਰਨ ਦੇ ਰੂਪ ਵਿਚ ਹੀ ਨਹੀਂ ਚੜ੍ਹਨਾ ਪੈਂਦਾ ਬਲਕਿ ਬੱਚਾ ਮਾਪਿਆਂ ਦੇ ਪਿਆਰ ਤੋਂ ਵੀ ਮਹਿਰੂਮ ਰਹਿ ਜਾਂਦਾ ਹੈ। ਬੱਚੇ ਪਿਆਰ ਵਿਹੂਣੀ ਦੁਨੀਆਂ ਵਿਚ ਨਿਰਮੋਹੇ ਹੋ ਜਾਂਦੇ ਹਨ ਅਤੇ ਕੁਰਾਹੇ ਪੈ ਜਾਂਦੇ ਹਨ।

ਪਰਵਾਸੀ ਮਨੁੱਖ ਜਦੋਂ ਵਿਦੇਸ਼ੀ ਧਰਤੀ 'ਤੇ ਆਉਂਦਾ ਹੈ ਤਾਂ ਇੱਥੋਂ ਦਾ ਰਾਜਨੀਤਿਕ, ਸਮਾਜਿਕ, ਆਰਥਿਕ ਢਾਂਚਾ ਵੇਖ ਕੇ ਭੈ-ਭੀਤ ਹੋ ਕੇ ਰਹਿ ਜਾਂਦਾ ਹੈ। ਪੱਛਮ ਦੀ ਤਕਨਾਲੋਜੀ, ਸੁਖ ਸਹੂਲਤਾਂ ਨੂੰ ਦੇਖ ਕੇ ਹੱਕਾ-ਬੱਕਾ ਰਹਿ ਜਾਂਦਾ ਹੈ। ਉਹ ਮਸ਼ੀਨਾਂ ਵਾਂਗ ਕੰਮ ਕਰਦੇ ਬੰਦਿਆਂ ਨੂੰ ਦੇਖ ਦੇਖ ਹੈਰਾਨ ਹੁੰਦਾ ਪਤਾ ਨਹੀਂ ਕਦੋਂ ਆਪ ਮਸ਼ੀਨ ਦਾ ਪੁਰਜਾ ਬਣ ਜਾਂਦਾ ਹੈ। ਉਥੇ ਪਹੁੰਚ ਕੇ ਸ੍ਵੈ ਤੋਂ ਟੁੱਟ ਜਾਂਦਾ ਹੈ ਅਤੇ ਪੈਸਾ ਕਮਾਉਣਾ ਹੀ ਆਪਣੀ ਜਿੰਦਗੀ ਦਾ ਮਕਸਦ ਸਮਝਦਾ ਹੈ। ਉਥੇ ਸਰੀਰਕ ਰੂਪ ਵਿਚ ਰਹਿੰਦਿਆਂ ਹੋਇਆ ਵੀ ਉਹ ਮਾਨਸਿਕ ਤੌਰ 'ਤੇ ਪੰਜਾਬ ਵਿਚ ਹੀ ਵਿਚਰਦਾ ਹੈ। ਪੱਛਮ ਦੇ ਅਨੇਕਾਂ ਸੰਕਟਾ ਦੇ ਬਾਵਜੂਦ ਉਸਨੂੰ ਆਪਣੇ ਵਤਨ ਦੀ ਯਾਦ ਆਉਂਦੀ ਹੈ:

"ਮੇਰਾ ਤਾਂ ਇਥੇ ਜੀ ਨਈਂ ਲਗਦਾ।"[5]

ਸੁੱਖੀ ਨੇ ਇਹ ਬੋਲ ਬੇਵਸੀ ਪ੍ਰਗਟ ਕਰਦੇ ਹਨ ਤੇ ਸਮੁੱਚੇ ਪੰਜਾਬੀਆਂ ਦੀ ਮਨੋਦਸ਼ਾ ਨੂੰ ਉਜਾਗਰ ਕਰਦੇ ਹਨ। ਉਥੇ ਵਿਚਰਦੇ ਹੋਏ ਜਿੱਥੇ ਇਹ ਪਰਵਾਸੀ ਪੰਜਾਬੀ ਮਾਨਸਿਕ ਪੱਧਰ ਉਤੇ ਪੂਰੀ ਤਰ੍ਹਾਂ ਟੁੱਟ ਜਾਂਦੇ ਹਨ ਉੱਥੇ ਉਹਨਾਂ ਦੇ ਰਿਸ਼ਤਿਆਂ ਵਿਚਕਾਰ ਅਜਿਹੀਆਂ ਤ੍ਰੇੜਾਂ ਆਉਂਦੀਆਂ ਹਨ ਜਿਨ੍ਹਾਂ ਦਾ ਹੱਲ ਲੱਭਣਾ ਮੁਸ਼ਕਿਲ ਹੋ ਜਾਂਦਾ ਹੈ। ਸਵੈ ਦੀ ਇਕੱਲਤਾ ਅਤੇ ਬੇਗਾਨਗੀ ਦਾ ਅਹਿਸਾਸ ਉਸਦੇ ਅਵੇਚਤਨ ਵਿਚ ਘਰ ਕਰ ਜਾਂਦੇ ਹਨ। ਇਹ ਪਰਵਾਸੀ ਪੰਜਾਬੀ ਮਸ਼ੀਨੀ ਜਿੰਦਗੀ ਤੋਂ ਉਪਜੀ ਚਿੜਚਿੜਾਹਟ, ਅਜਨਬੀਅਤ ਅਤੇ ਹੇਰਵੇ ਦੀਆਂ ਭਾਵਨਾਵਾਂ ਨਾਲ ਤਿੜਕੇ ਤਿੜਕੇ ਮਹਿਸੂਸ ਕਰਦੇ ਹਨ। ਜਿਵੇਂ ਇਸ ਨਾਵਲ ਦਾ ਪਾਤਰ ਸੁੱਖਾ ਦਵੰਦਵਾਦੀ ਸੋਚ ਵਾਲਾ ਪਾਤਰ ਹੈ। ਉਸਦੇ ਮਨ ਵਿਚ ਕਦੇ ਸੁੱਖੀ ਦੇ ਬੇਵਫਾ ਹੋਣ ਬਾਰੇ ਤੂਫਾਨ ਉੱਠਦਾ ਹੈ ਤੇ ਕਦੇ ਸੁੱਖੀ ਦੁਆਰਾ ਉਸਦੀ ਵੀਰਾਨ ਜਿੰਦਗੀ ਦੀ ਨਵ ਉਸਾਰੀ ਦੇ ਸੁਪਨੇ ਆਉਂਦੇ ਹਨ। ਅਸਲ ਵਿਚ ਉਸਦੀ ਮਾਨਸਿਕਤਾ ਮਰਦਾਵੀਂ ਹੈਂਕੜ ਦਾ ਪ੍ਰਗਟਾਵਾ ਕਰਦੀ ਹੈ। ਉਸਨੂੰ ਵਿਦੇਸ਼ਾ ਵਿਚਲੇ ਹੇਠਲੇ ਪੱਧਰ ਦੇ ਕੰਮ ਕਰਨ ਨਾਲੋਂ ਪਿੰਡ ਰਹਿਣਾ ਕਿਤੇ ਚੰਗਾ ਜਾਪਦਾ ਹੈ। ਪੂਰੇ ਨਾਵਲ ਵਿਚ ਉਸਦਾ ਮਾਨਸਿਕ ਦਵੰਦ ਬਣਿਆ ਰਹਿੰਦਾ ਹੈ। ਇਸ ਨਾਵਲ ਦੀ ਪਾਤਰ 'ਭੂਆ' ਦੇ ਚਰਿਤਰ 'ਚੋਂ ਵੀ ਰਿਸ਼ਤਿਆਂ ਦਾ ਇਹ ਪੂੰਜੀਵਾਦੀ ਮੁਹਾਂਦਰਾ ਸਪਸ਼ਟ ਹੁੰਦਾ ਹੈ। ਉਹ ਪੂਰੀ ਤਰ੍ਹਾਂ ਸਾਮੰਤੀ ਰੁਚੀਆਂ ਦੀ ਮਾਲਕ ਹੈ ਪਰੰਤੂ ਉਹ ਪੂੰਜੀਵਾਦੀ ਸਿਸਟਮ ਵਿਚ ਰਹਿ ਰਹੀ ਹੈ। ਪੈਸੇ ਦੇ ਮਾਮਲੇ ਵਿਚ ਉਸਦੀ ਸੋਚ ਇੰਨੀ ਬੇਕਿਰਕ ਹੈ ਕਿ ਉਸਦੇ ਆਪਣੇ ਜਵਾਈ ਤੋਂ ਪੈਸੇ ਦਾ ਪ੍ਰਬੰਧ ਨਾ ਹੋ ਸਕਣ ਕਾਰਨ ਉਹ ਉਸ ਲਈ ਵੀ ਰਾਹਦਾਰੀ ਨਹੀਂ ਭੇਜਦੀ। ਨਾਵਲਕਾਰ ਨੇ ਉਸਦੇ ਮੂੰਹੋਂ ਇਹ ਸ਼ਬਦ ਇਸ ਪ੍ਰਕਾਰ ਅਖਵਾਏ ਹਨ, "ਆਹ ਸ਼ੋਕਰੇ ਜਿਹੜੇ ਸ਼ਗਨ ਪਾਉਣ ਆਉਂਦੇ ਸੀ ਨਾ ? ਇਹ ਸਾਰੇ ਮੇਰੇ ਈ ਮੁੰਡੇ ਬਣਾ ਕੇ ਲੰਘਾਇਓ ਆ। ਨਾਲੇ ਤੇਰੇ ਸੁੱਖੇ ਦਾ ਅਸਲੀ ਨਾਂ ਸਰਦੂਲ ਆ ਸੁਖਵਿੰਦਰਪਾਲ ਤਾਂ ਅਸੀਂ ਇਸ ਨੂੰ ਲੰਘਾਉਣ ਲਈ ਰੱਖਿਆ ਸੀ।"[6]

ਇਹ ਪੂੰਜੀਵਾਦੀ ਰਿਸ਼ਤਿਆਂ ਦਾ ਸੱਚ ਹੈ ਕਿ ਰਿਸ਼ਤਿਆਂ ਦੀ ਨੀਂਹ ਸਵਾਰਥ 'ਤੇ ਟਿਕੀ ਹੋਈ ਹੁੰਦੀ ਹੈ। ਜਦੋਂ ਉਹ ਸਵਾਰਥ ਪੂਰਾ ਹੋ ਜਾਵੇ ਜਾਂ ਫਿਰ ਪੂਰਾ ਹੁੰਦਾ ਨਾ ਦਿਸੇ ਤਾਂ ਰਿਸ਼ਤਾ ਢਹਿ ਢੇਰੀ ਹੋ ਜਾਂਦਾ ਹੈ। ਪਰਵਾਸੀ ਪੰਜਾਬੀ ਆਪਣੀ ਆਰਥਿਕ ਸਥਿਤੀ ਨੂੰ ਮਜਬੂਤ ਕਰਨ ਲਈ ਉਹ ਕੰਮ ਵੀ ਕਰਦੇ ਦਿਖਾਏ ਗਏ ਹਨ, ਜਿਨ੍ਹਾਂ ਨਾਲ ਸਮਾਜ ਦੇ ਟੈਬੂ ਟੁੱਟ ਜਾਂਦੇ ਹਨ। ਮਾਮੇ ਭਾਣਜੀਆਂ ਨਾਲ, ਭੈਣ-ਭਰਾ ਨਾਲ, ਚਾਚੇ ਭਤੀਜੀਆਂ ਨਾਲ ਵਿਆਹ ਕਰਵਾ ਕੇ ਵਿਦੇਸ਼ ਆਉਂਦੇ ਹਨ। ਕਿਸੇ ਨਾਲ ਵੀ ਮਤਲਬ ਲਈ ਨਜਾਇਜ ਸੰਬੰਧ ਬਣਾ ਲੈਂਦੇ ਹਨ। ਸੁੱਖੀ ਵੀ ਇਹ ਸਭ ਕੁਝ ਕਰਦੀ ਹੈ ਪਹਿਲਾਂ ਬੇਗੇ (ਦਿਉਰ) ਨੂੰ ਵਿਦੇਸ਼ ਬੁਲਾਉਣ ਲਈ ਆਪਣੇ ਪਤੀ ਨੂੰ ਤਲਾਕ ਦਿੰਦੀ ਹੈ ਅਤੇ ਬੇਗੇ ਨਾਲ ਵਿਆਹ ਕਰਵਾ ਕੇ, ਸੱਚ ਮੁੱਚ ਹੀ ਉਸਦੇ ਬੱਚੇ ਦੀ ਮਾਂ ਬਣਦੀ ਹੈ। ਉਹ ਸਦਾਚਾਰਕ ਬੇੜੀਆਂ ਨੂੰ ਤੋੜ ਕੇ ਪਤੀ ਧਰਮ ਦੀਆਂ ਵਰਜਣਾਵਾਂ ਤੋਂ ਪਾਰ ਚਲੀ ਜਾਂਦੀ ਹੈ। ਨਾਵਲ ਦੀ ਇਕ ਹੋਰ ਪਾਤਰ 'ਇੰਦਰਜੀਤ' ਜਿਹੜੀ ਰਿਸ਼ਤਿਆਂ ਨੂੰ ਪੈਸੇ ਦੀ ਤੱਕੜੀ ਵਿਚ ਤੋਲਦੀ ਹੈ। ਪੈਸਾ ਕਮਾਉਣ ਦੀ ਦੌੜ 'ਚ ਲੱਗੀ ਇੱਕ ਦਿਨ ਖੁਦ ਬਿਖਰ ਕੇ ਰਹਿ ਜਾਦੀ ਹੈ:

> ਇੰਦਰਜੀਤ ਐਨੇ ਵਿਆਹ ਕਰਵਾ ਕੇ ਵੀ ਕਿਉਂ ਨਾ ਰੱਜੀ?
> ਪਤਾ ਨਹੀਂ? ਹੋ ਸਕਦਾ ਜਾਂ ਤਾਂ ਉਸਦੇ ਪੈਰ ਨਾ ਲੱਗੇ ਜਾਂ
> ਫਿਰ ਭੇਜੇ ਪੈਸਿਆਂ ਨਾਲ ਮਾਪਿਆਂ ਦਾ ਢਿੱਡ ਨਾ ਭਰਿਆ
> ਤੇ
> ਉਸਦੀ ਆਪਦੀ ਕਾਮ ਦੀ ਅੱਗ ਨਾ ਬੁੱਝੀ।[7]

ਵਿਦੇਸ਼ਾ ਵਿੱਚ ਪੱਕੇ ਹੋਣ ਲਈ ਇਹ ਲੋਕ ਕਿਵੇਂ ਨੈਤਿਕ ਕੀਮਤਾਂ ਦਾ ਘਾਣ ਕਰਦੇ ਹਨ।

ਪੰਜਾਬੀ ਮਾਪਿਆਂ ਦੀ ਦਿਲੀ ਇੱਛਾ ਹੁੰਦੀ ਹੈ ਕਿ ਉਹਨਾਂ ਦੇ ਬੱਚੇ ਪੰਜਾਬ 'ਚ ਹੀ ਵਿਆਹ ਕਰਵਾਉਣ ਪਰ ਮਾਪਿਆਂ ਦੀ ਇਸ ਦਕਿਆਨੂਸੀ ਸੋਚ ਨੂੰ ਤਿਲਾਂਜਲੀ ਦੇ ਕੇ ਇਹ ਬੱਚੇ ਉਥੋਂ ਦੇ ਜੰਮੇ, ਪਲੇ ਤੇ ਪ੍ਰਵਾਨ ਚੜ੍ਹੇ ਲੜਕੇ/ਲੜਕੀਆਂ ਨੂੰ ਆਪਣਾ

ਹਮਸਫਰ ਬਣਾਉਣ 'ਚ ਯਕੀਨ ਰੱਖਦੇ ਹਨ। 'ਮਨਿੰਦਰ' ਵੀ ਪੱਛਮੀ ਸੱਭਿਆਚਾਰ 'ਚ ਪਲੀ ਪੰਜਾਬੀ ਲੜਕੀ ਸਰੀਟਾ ਨਾਲ ਵਿਆਹ ਕਰਵਾਉਂਦਾ ਹੈ, ਜਿਹੜੀ ਨਸ਼ਿਆਂ 'ਚ ਗਲਤਾਨ ਹੋ ਕੇ ਦੇਹ ਵਪਾਰ ਦਾ ਧੰਦਾ ਕਰਦੀ ਹੈ। ਅਸਲੀਅਤ ਸਾਹਮਣੇ ਆਉਣ 'ਤੇ ਮਨਿੰਦਰ ਉਸਨੂੰ ਤਲਾਕ ਦੇ ਕੇ ਪੰਜਾਬ 'ਚੋਂ ਆਈ ਕੁੜੀ 'ਨ੍ਰੇਤੀ' ਨਾਲ ਵਿਆਹ ਕਰਵਾਉਂਦਾ ਹੈ। ਉਹ ਸਿਰਫ ਆਪਣੇ ਮਾਪਿਆਂ ਨੂੰ ਵਿਦੇਸ਼ ਆਉਣ ਤੱਕ ਉਸ ਨਾਲ ਨਾਤਾ ਰੱਖਦੀ ਹੈ :

> ਆਹ ਤਲਾਕ ਦੇ ਕਾਗਜ, ਕਿਹਾ ਮਜਾਕ ਆ ? ਕਿਸ ਗੱਲ ਤੇ ? ਕੀ ਤੂੰ ਪੜ੍ਹੇ ਨਹੀਂ ? ਪੜੇ। ਇਹ ਤੈਨੂੰ ਪੰਜਾਂ ਸਾਲਾਂ ਬਾਦ
> ਯਾਦ ਆਇਆ ਕਿ ਮੈਂ ਸ਼ਰਾਬ ਤੇ ਸਿਗਰਟਾਂ ਪੀਂਦਾ? ਉਦੋਂ
> ਮੇਰਾ ਮਕਸਦ ਪੂਰਾ ਨਹੀਂ ਸੀ ਹੋਇਆ, ਆਪਦੇ ਮਾਂ ਪਿਉ ਤੇ
> ਭੈਣ-ਭਰਾ ਮੰਗਵਾਉਣ ਦਾ। [8]

ਪੈਸੇ ਨੇ ਮਨੁੱਖੀ ਰਿਸ਼ਤਿਆਂ ਨੂੰ ਖੇਰੂੰ ਖੇਰੂੰ ਕਰ ਦਿੱਤਾ ਹੈ। ਨਾਵਲਕਾਰ ਨੇ ਧਰਮ ਦੀ ਆੜ ਹੇਠ ਗਲਤ ਕੰਮ ਕਰਨ ਵਾਲੇ ਅਖੌਤੀ ਸੇਵਾਦਾਰਾਂ ਦਾ ਪਰਦਾਫਾਸ਼ ਕੀਤਾ ਹੈ। ਨਾਵਲਕਾਰ ਨੇ ਪ੍ਰੋਫੈਸਰਾਂ ਦਾ ਕਿਰਦਾਰ ਵੀ ਸਪੱਸ਼ਟ ਕੀਤਾ ਹੈ :

> ਸੁੱਖੇ ਤੂੰ ਆਪਣੀ ਜੀਵਨੀ ਕਿਉਂ ਨਹੀਂ ਲਿਖਦਾ ? ਮੈਂ ਜੂਨੀਵਰਸਿਟੀ (ਯੂਨੀਵਰਸਿਟੀ) ਵਿਚ ਕਿਸੇ ਕੋਰਸ ਵਿਚ ਲੂਆ ਦੇਉਂਗਾ। ਕਿਸੇ ਸਟਯੁਡੈਂਟ(ਸਟੂਡੈਂਟ) ਤੋਂ ਇਸ ਤੇ ਐਮ.ਫਿਲ.
> ਜਾਂ ਪੀ-ਐਚ.ਡੀ. ਕਰਾਉਣੀ ਤਾਂ ਆਪਣੇ ਖੱਬੇ ਹੱਥ ਦਾ ਕੰਮ ਆ। ਤੂੰ ਲਿਖ ਤਾਂ ਸਈ। ਬਾਅਦ ਦੀ ਗੱਲ ਬਾਅਦ 'ਚ
> ਕਰਾਂਗੇ।[9]

ਇਸਦੇ ਬਦਲੇ ਵਿਚ ਉਸਦੇ ਭਤੀਜੇ ਲਈ ਸਪੌਂਸਰਸ਼ਿਪ ਭੇਜੀ ਜਾਵੇ। ਉਹ ਇਹ ਸ਼ਰਤ ਉਹਨਾਂ ਦੇ ਸਾਹਮਣੇ ਰੱਖਦਾ ਹੈ।। ਨਦੀਮ ਪਰਮਾਰ ਨੇ ਨਾਵਲ ਦਾ ਕਥਾਨਕ ਫਲੈਸ਼ਬੈਕ ਵਿਧੀ ਰਾਹੀਂ ਸਿਰਜਿਆ ਹੈ। ਨਾਵਲ ਦੇ ਸ਼ੁਰੂਆਤ ਵਿਚ ਸੁੱਖੇ ਨੂੰ ਅਪਾਹਜਪੁਣੇ ਦੀ ਸਥਿਤੀ ਵਿਚ ਵਿਖਾਇਆ ਹੈ ਅਤੇ ਉਸਦੇ ਸਾਹਮਣੇ ਪਈ ਕਿਤਾਬ ਉਸਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੀ ਹੈ। ਇਸ ਨਾਵਲ ਵਿਚ ਪ੍ਰਤਿ ਦਿਨ ਦੀਆਂ ਨਿੱਕੀਆਂ ਨਿੱਕੀਆਂ ਘਟਨਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਇਹ ਘਟਨਾਵਾਂ ਜਿੰਦਗੀ ਦੇ ਵਿਸ਼ਾਲ ਸਾਗਰ ਵਿਚ ਲਹਿਰਾਂ ਵਾਂਗ ਉੱਠਦੀਆਂ ਹਨ ਤੇ ਖਤਮ ਹੋ ਜਾਂਦੀਆਂ ਹਨ। ਇਹ ਮੱਧਵਰਗੀ ਪਰਿਵਾਰਾਂ ਦੀਆਂ ਈਰਖਾਵਾਂ, ਅਕਾਂਖਿਆਵਾਂ ਅਤੇ ਵਿਰੋਧਾਂ ਦਾ ਬੋਧ ਕਰਵਾਉਂਦੀਆਂ ਹਨ।

## ਹਵਾਲੇ


1. ਸੁਰਿੰਦਰਪਾਲ ਸਿੰਘ, ਆਰੰਭਕ ਸ਼ਬਦ (ਸੰਪਾ.) ਪਰਵਾਸੀ ਪੰਜਾਬੀ ਸਾਹਿਤ 'ਚੋਂ ਕੋਡ ਕੀਤਾ।
2. ਨਦੀਮ ਪਰਮਾਰ, ਸਪੌਂਸਰਸ਼ਿਪ , ਪੰਨਾ 38
3. ਉਹੀ, ਪੰਨਾ 159
4. ਉਹੀ, ਪੰਨਾ 99
5. ਉਹੀ, ਪੰਨਾ 40
6. ਉਹੀ, ਪੰਨਾ 90
7. ਉਹੀ, ਪੰਨਾ 137
8. ਉਹੀ, ਪੰਨਾ 80
9. ਉਹੀ, ਪੰਨੇ 10-11